# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162
WORLD PUNJABI TIMES REACHING THE WORLD
ਮਾਸਟਰ ਪਰਮਵੇਦ

Epaper World Punjabi Times | 14 ਅਪ੍ਰੈਲ 2026 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਦੇ ਲੇਖਕ ਮਿੱਤਰਾਂ ਵੱਲੋਂ ਪੱਤਰਕਾਰ ਤੇ ਲੇਖਕ ਕੁਲਵੰਤ ਸਰੋਤਾ ਨੂੰ ਨਿੱਘੀ ਵਿਦਾਇਗੀ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਸਰੀ, 14 ਅਪ੍ਰੈਲ : ਪਿਛਲੇ ਪੰਜ ਮਹੀਨਿਆਂ ਤੋਂ ਕੈਨੇਡਾ ਫੇਰੀ ’ਤੇ ਆਏ ਪੰਜਾਬ ਦੇ ਨਾਮਵਰ ਪੱਤਰਕਾਰ ਅਤੇ ਲੇਖਕ ਕੁਲਵੰਤ ਸਰੋਤਾ ਦੀ ਵਤਨ ਵਾਪਸੀ ਮੌਕੇ ਸਰੀ ਦੇ ਲੇਖਕਾਂ ਵੱਲੋਂ ਗੁਲਾਟੀ ਪਬਲਿਸ਼ਰਜ਼ ਸਰੀ ਵਿਖੇ ਇੱਕ ਵਿਸ਼ੇਸ਼ ਸਾਹਿਤਕ ਮਹਿਫ਼ਿਲ ਦਾ ਪ੍ਰਬੰਧ ਕੀਤਾ ਗਿਆ। ਕੁਲਵੰਤ ਸਰੋਤਾ ਦੇ ਮਾਣ ਵਿੱਚ ਜੁੜੀ ਇਸ ਮਹਿਫ਼ਿਲ ਦੌਰਾਨ ਸਾਹਿਤਕ ਵਿਚਾਰ ਚਰਚਾ ਅਤੇ ਸਨੇਹ ਭਰੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ।



ਆਪਣੇ ਅਨੁਭਵ ਸਾਂਝੇ ਕਰਦਿਆਂ ਕੁਲਵੰਤ ਸਰੋਤਾ ਨੇ ਕਿਹਾ ਕਿ ਸਰੀ ਵਿੱਚ ਗੁਜ਼ਾਰਿਆ ਇਹ ਪੰਜ ਮਹੀਨਿਆਂ ਦਾ ਸਮਾਂ ਉਨ੍ਹਾਂ ਲਈ ਬੇਹੱਦ ਯਾਦਗਾਰੀ ਰਿਹਾ ਹੈ। ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਉਸ ਨੇ ਦੱਸਿਆ ਕਿ ਇਸ ਫੇਰੀ ਦੌਰਾਨ ਜਿੱਥੇ ਕਈ ਪੁਰਾਣੇ ਸਾਹਿਤਕ ਮਿੱਤਰਾਂ ਨਾਲ ਮੁਲਾਕਾਤ ਹੋਈ ਅਤੇ ਕਈ ਨਵੇਂ ਲੇਖਕਾਂ ਨਾਲ ਨੇੜਤਾ ਹੋਈ, ਉੱਥੇ ਹੀ ਜਸਵੀਰ ਭਲੂਰੀਆ ਅਤੇ ਸੁਖਪ੍ਰੀਤ ਦੌਲਤ ਵਰਗੇ ਨਵੇਂ ਤੇ ਸੁਹਿਰਦ ਦੋਸਤ ਮਿਲੇ। ਇਨ੍ਹਾਂ ਲੇਖਕਾਂ ਦੀ ਸੰਗਤ ਨੇ ਮੇਰੇ ਇਸ ਪ੍ਰਵਾਸ ਨੂੰ ਸਾਹਿਤਕ ਰੰਗ ਵਿੱਚ ਰੰਗ ਦਿੱਤਾ।

ਮਹਿਫ਼ਿਲ ਦੌਰਾਨ ਸਾਹਿਤ ਰਚਨਾ, ਪੱਤਰਕਾਰੀ ਅਤੇ ਸੋਸ਼ਲ ਮੀਡੀਆ ਦੇ ਮੌਜੂਦਾ ਦੌਰ ’ਤੇ ਵੀ ਗੰਭੀਰ ਵਿਚਾਰ-ਚਰਚਾ ਹੋਈ। ਇਸ ਮੌਕੇ ਪ੍ਰਸਿੱਧ ਸ਼ਾਇਰ ਜਸਵਿੰਦਰ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ ਨੇ ਗੰਭੀਰ ਸਾਹਿਤਕ ਕਾਰਜ ਨੂੰ ਵੱਡੀ ਠੇਸ ਪਹੁੰਚਾਈ ਹੈ। ਉਨ੍ਹਾਂ ਨਵੇਂ ਲੇਖਕਾਂ ਨੂੰ ਸਲਾਹ ਦਿੱਤੀ ਕਿ ਉਹ ਸੋਸ਼ਲ ਮੀਡੀਆ ਦੀ ਚਮਕ-ਧਮਕ ਵਿੱਚ ਉਲਝਣ ਦੀ ਬਜਾਏ ਚੰਗੀਆਂ ਕਿਤਾਬਾਂ ਪੜ੍ਹਨ ਵੱਲ ਵੱਧ ਧਿਆਨ ਦੇਣ ਤਾਂ ਹੀ ਮਿਆਰੀ ਸਾਹਿਤ ਦੀ ਸਿਰਜਣਾ ਸੰਭਵ ਹੈ।

ਜਸਵੀਰ ਭਲੂਰੀਆ ਅਤੇ ਹਰਦਮ ਮਾਨ ਨੇ ਵੀ ਇਸ ਚਰਚਾ ਵਿੱਚ ਹਿੱਸਾ ਲੈਂਦਿਆਂ ਸਾਹਿਤਕ ਕਦਰਾਂ-ਕੀਮਤਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਨੌਜਵਾਨ ਸ਼ਾਇਰ ਸੁਖਪ੍ਰੀਤ ਦੌਲਤ ਨੇ ਆਪਣੀ ਖ਼ੂਬਸੂਰਤ ਕਵਿਤਾ ਰਾਹੀਂ ਮਹਿਫ਼ਿਲ ਵਿੱਚ ਰੰਗ ਭਰਿਆ। ਅੰਤ ਵਿੱਚ ਸਮੂਹ ਲੇਖਕਾਂ ਨੇ ਕੁਲਵੰਤ ਸਰੋਤਾ ਨੂੰ ਉਸ ਦੀ ਪੰਜਾਬ ਵਾਪਸੀ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਆਸ ਪ੍ਰਗਟਾਈ ਕਿ ਉਹ ਭਵਿੱਖ ਵਿੱਚ ਵੀ ਆਪਣੀ ਕਲਮ ਰਾਹੀਂ ਸਾਹਿਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਉਂਦਾ ਰਹੇਗਾ।

## ਵਿਸਾਖੀ — ਮਿਹਨਤ ਦੀ ਖੁਸ਼ਬੂ, ਇਤਿਹਾਸ ਦੀ ਸ਼ਾਨ ਅਤੇ ਪੰਜਾਬੀ ਰੂਹ ਦਾ ਜਸ਼ਨ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਝੱਮਟ



ਪੰਜਾਬ ਦੀ ਧਰਤੀ ਆਪਣੇ ਰੰਗੀਲੇ ਤਿਉਹਾਰਾਂ, ਜੀਵੰਤ ਸੱਭਿਆਚਾਰ ਅਤੇ ਮਿਹਨਤੀ ਲੋਕਾਂ ਕਰਕੇ ਦੁਨੀਆ ਭਰ ਵਿੱਚ ਜਾਣੀ ਜਾਂਦੀ ਹੈ। ਇਨ੍ਹਾਂ ਤਿਉਹਾਰਾਂ ਵਿੱਚ ਵਿਸਾਖੀ ਇੱਕ ਅਜਿਹਾ ਮਹਾਨ ਦਿਹਾੜਾ ਹੈ ਜੋ ਸਿਰਫ਼ ਖੁਸ਼ੀ ਦਾ ਮੌਕਾ ਹੀ ਨਹੀਂ, ਸਗੋਂ ਪੰਜਾਬੀ ਜੀਵਨ ਦੇ ਹਰ ਪੱਖ—ਖੇਤੀਬਾੜੀ, ਧਾਰਮਿਕਤਾ, ਇਤਿਹਾਸ ਅਤੇ ਸੱਭਿਆਚਾਰ—ਦਾ ਸੁੰਦਰ ਮਿਲਾਪ ਹੈ। ਵਿਸਾਖ ਮਹੀਨੇ ਦੇ ਪਹਿਲੇ ਦਿਨ ਮਨਾਇਆ ਜਾਣ ਵਾਲਾ ਇਹ ਤਿਉਹਾਰ ਨਵੇਂ ਸੂਰਜੀ ਸਾਲ ਦੀ ਸ਼ੁਰੂਆਤ ਦਾ ਪ੍ਰਤੀਕ ਵੀ ਹੈ ਅਤੇ ਨਵੀਂ ਉਮੀਦਾਂ ਅਤੇ ਖੁਸ਼ਹਾਲੀ ਦਾ ਸੁਨੇਹਾ ਲੈ ਕੇ ਆਉਂਦਾ ਹੈ।

ਖੇਤਾਂ ਦੀ ਸੁਨਹਿਰੀ ਰੌਣਕ — ਮਿਹਨਤ ਦਾ ਪਰਵਾਨਾ

ਵਿਸਾਖੀ ਦਾ ਸਭ ਤੋਂ ਗਹਿਰਾ ਸਬੰਧ ਪੰਜਾਬ ਦੀ ਖੇਤੀਬਾੜੀ ਨਾਲ ਹੈ। ਜਦੋਂ ਸਰਦੀਆਂ ਦੇ ਦਿਨਾਂ ਵਿੱਚ ਬੀਜੀ ਕਣਕ ਬਸੰਤ ਦੇ ਅਖੀਰ ਤੱਕ ਪੱਕ ਕੇ ਸੁਨਹਿਰੀ ਹੋ ਜਾਂਦੀ ਹੈ, ਤਾਂ ਇਹ ਨਜ਼ਾਰਾ ਕਿਸੇ ਸੋਨੇ ਦੀ ਚਾਦਰ ਵਰਗਾ ਲੱਗਦਾ ਹੈ। ਕਿਸਾਨਾਂ ਲਈ ਇਹ ਸਮਾਂ ਸਿਰਫ਼ ਫ਼ਸਲ ਕੱਟਣ ਦਾ ਨਹੀਂ, ਸਗੋਂ ਆਪਣੀ ਸਾਲ ਭਰ ਦੀ ਮਿਹਨਤ ਦੇ ਫਲ ਦਾ ਜਸ਼ਨ ਮਨਾਉਣ ਦਾ ਹੁੰਦਾ ਹੈ।

ਕਿਸਾਨ ਦੀ ਜ਼ਿੰਦਗੀ ਵਿੱਚ ਇਹ ਦਿਨ ਵਿਸ਼ੇਸ਼ ਅਹਿਮੀਅਤ ਰੱਖਦਾ ਹੈ, ਕਿਉਂਕਿ ਇਸ ਨਾਲ ਉਸਦੀ ਆਰਥਿਕ ਸਥਿਤੀ ਅਤੇ ਘਰ ਦੀ ਖੁਸ਼ਹਾਲੀ ਜੁੜੀ ਹੁੰਦੀ ਹੈ। ਇਸ ਮੌਕੇ ਲੋਕਾਂ ਦੇ ਮਨਾਂ ਵਿੱਚ ਉਠਦੀ ਖੁਸ਼ੀ ਨੂੰ ਲੋਕ-ਬੋਲੀ ਬੜੀ ਸੁੰਦਰਤਾ ਨਾਲ ਬਿਆਨ ਕਰਦੀ ਹੈ:

“ਕਣਕਾਂ ਦੀ ਮੁੱਕ ਗਈ ਰਾਖੀ, ਉਏ ਜੱਟਾ ਆਈ ਵਿਸਾਖੀ।”

ਇਹ ਸਿਰਫ਼ ਕਹਾਵਤ ਨਹੀਂ, ਸਗੋਂ ਕਿਸਾਨੀ ਜੀਵਨ ਦੀ ਸੱਚਾਈ ਅਤੇ ਖੁਸ਼ੀ ਦਾ ਪ੍ਰਗਟਾਵਾ ਹੈ।

ਮੇਲੇ, ਰਸਮਾਂ ਅਤੇ ਰੌਣਕ — ਸੱਭਿਆਚਾਰ ਦਾ ਦਰਪਣ

ਵਿਸਾਖੀ ਦੇ ਮੌਕੇ ’ਤੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੇਲਿਆਂ ਦੀ ਰੌਣਕ ਦੇਖਣਯੋਗ ਹੁੰਦੀ ਹੈ। ਲੋਕ ਨਵੇਂ ਕੱਪੜੇ ਪਹਿਨ ਕੇ ਮੇਲਿਆਂ ਵਿੱਚ ਸ਼ਾਮਲ ਹੁੰਦੇ ਹਨ। ਭੰਗੜਾ ਅਤੇ ਗਿੱਧਾ ਪੰਜਾਬੀ ਸੱਭਿਆਚਾਰ ਦੀ ਰੂਹ ਹਨ, ਜੋ ਇਸ ਦਿਨ ਖਾਸ ਤੌਰ ’ਤੇ ਨਜ਼ਰ ਆਉਂਦੇ ਹਨ। ਲੋਕ-ਗੀਤਾਂ ਦੀਆਂ ਧੁਨਾਂ, ਢੋਲ ਦੀਆਂ ਥਾਪਾਂ ਅਤੇ ਖੁਸ਼ੀ ਦੇ ਨਾਅਰੇ ਮਾਹੌਲ ਨੂੰ ਜੀਵੰਤ ਕਰ ਦਿੰਦੇ ਹਨ।

ਪੁਰਾਣੇ ਸਮਿਆਂ ਵਿੱਚ ਜਦੋਂ ਆਵਾਜਾਈ ਦੇ ਆਧੁਨਿਕ ਸਾਧਨ ਨਹੀਂ ਸਨ, ਲੋਕ ਦੂਰ-ਦੂਰ ਤੋਂ ਪੈਦਲ ਜਾਂ ਬੈਲਗੱਡੀਆਂ ਰਾਹੀਂ ਮੇਲਿਆਂ ਵਿੱਚ ਪਹੁੰਚਦੇ ਸਨ। ਇਹ ਮੇਲੇ ਸਿਰਫ਼ ਮਨੋਰੰਜਨ ਨਹੀਂ, ਸਗੋਂ ਵਪਾਰ, ਸਮਾਜਿਕ ਮਿਲਾਪ ਅਤੇ ਰਿਸ਼ਤਿਆਂ ਦੀ ਮਜ਼ਬੂਤੀ ਦਾ ਸਾਧਨ ਵੀ ਹੁੰਦੇ ਸਨ।

ਧਾਰਮਿਕ ਮਹੱਤਤਾ — ਖਾਲਸਾ ਪੰਥ ਦੀ ਸਾਜਨਾ

ਵਿਸਾਖੀ ਦਾ ਸਿੱਖ ਧਰਮ ਵਿੱਚ ਬੇਮਿਸਾਲ ਮਹੱਤਵ ਹੈ। 1699 ਈਸਵੀ ਵਿੱਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਿਰਜਣਾ ਕੀਤੀ। ਇਹ ਘਟਨਾ ਸਿੱਖ ਇਤਿਹਾਸ ਦਾ ਮੋੜਦਾਰ ਪਲ ਸੀ, ਜਿਸ ਨੇ ਸਿੱਖ ਕੌਮ ਨੂੰ ਨਵੀਂ ਪਛਾਣ, ਇਕਤਾ ਅਤੇ ਸ਼ਕਤੀ ਬਖ਼ਸ਼ੀ।

ਖਾਲਸਾ ਪੰਥ ਦੀ ਸਥਾਪਨਾ ਨਾਲ ਜਾਤ-ਪਾਤ ਅਤੇ ਅੰਧ ਵਿਸ਼ਵਾਸਾਂ ਦੇ ਖ਼ਿਲਾਫ਼ ਇੱਕ ਮਜ਼ਬੂਤ ਸੰਦੇਸ਼ ਦਿੱਤਾ ਗਿਆ। ਇਹ ਦਿਨ ਸਾਨੂੰ ਸੱਚਾਈ, ਨਿਆਂ ਅਤੇ ਧਾਰਮਿਕ ਆਜ਼ਾਦੀ ਲਈ ਖੜ੍ਹੇ ਰਹਿਣ ਦੀ ਪ੍ਰੇਰਣਾ ਦਿੰਦਾ ਹੈ। ਇਸ ਮੌਕੇ ਗੁਰਦੁਆਰਿਆਂ ਵਿੱਚ ਵਿਸ਼ੇਸ਼ ਕੀਰਤਨ, ਨਗਰ ਕੀਰਤਨ ਅਤੇ ਲੰਗਰ ਲਗਾਏ ਜਾਂਦੇ ਹਨ।

ਇਤਿਹਾਸ ਦੀ ਦਰਦਨਾਕ ਯਾਦ — ਜੱਲ੍ਹਿਆਂਵਾਲਾ ਬਾਗ਼ ਦਾ ਸਾਕਾ

ਵਿਸਾਖੀ ਦੇ ਦਿਨ ਨਾਲ ਜੁੜੀ ਇੱਕ ਹੋਰ ਮਹੱਤਵਪੂਰਨ ਪਰ ਦੁਖਦਾਈ ਘਟਨਾ 13 ਅਪਰੈਲ 1919 ਨੂੰ ਅੰਮ੍ਰਿਤਸਰ ਦੇ ਜੱਲ੍ਹਿਆਂਵਾਲਾ ਬਾਗ਼ ਵਿੱਚ ਵਾਪਰੀ। ਉਸ ਦਿਨ ਹਜ਼ਾਰਾਂ ਲੋਕ ਸ਼ਾਂਤੀਪੂਰਨ ਇਕੱਠ ਵਿੱਚ ਸ਼ਾਮਲ ਸਨ, ਜਦੋਂ ਅੰਗਰੇਜ਼ ਜਰਨਲ ਡਾਇਰ ਦੇ ਹੁਕਮ ’ਤੇ ਬੇਗੁਨਾਹ ਲੋਕਾਂ ’ਤੇ ਗੋਲੀਆਂ ਚਲਾਈਆਂ ਗਈਆਂ।

ਇਸ ਹਾਦਸੇ ਵਿੱਚ ਸੈਂਕੜੇ ਲੋਕ ਸ਼ਹੀਦ ਹੋ ਗਏ ਅਤੇ ਇਹ ਘਟਨਾ ਭਾਰਤ ਦੇ ਆਜ਼ਾਦੀ ਸੰਘਰਸ਼ ਦਾ ਇੱਕ ਦਰਦਨਾਕ ਅਧਿਆਇ ਬਣ ਗਈ। ਵਿਸਾਖੀ ਦੇ ਮੌਕੇ ਅਸੀਂ ਉਹਨਾਂ ਸ਼ਹੀਦਾਂ ਨੂੰ ਵੀ ਸਤਿਕਾਰ ਨਾਲ ਯਾਦ ਕਰਦੇ ਹਾਂ।

ਧਾਰਮਿਕ ਸਥਾਨ ਅਤੇ ਵਿਸਾਖੀ ਦੇ ਮੇਲੇ

ਵਿਸਾਖੀ ਦੇ ਦਿਨ ਪੰਜਾਬ ਦੇ ਕਈ ਧਾਰਮਿਕ ਸਥਾਨਾਂ ’ਤੇ ਵਿਸ਼ਾਲ ਮੇਲੇ ਲੱਗਦੇ ਹਨ। ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਸਾਖੀ ਦੇ ਪ੍ਰਮੁੱਖ ਕੇਂਦਰ ਹਨ। ਇੱਥੇ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਇਕੱਠੀਆਂ ਹੁੰਦੀਆਂ ਹਨ ਅਤੇ ਧਾਰਮਿਕ ਰਸਮਾਂ ਅਦਾ ਕਰਦੀਆਂ ਹਨ।

ਇਹ ਥਾਵਾਂ ਸਿੱਖ ਇਤਿਹਾਸ ਨਾਲ ਗਹਿਰਾਈ ਨਾਲ ਜੁੜੀਆਂ ਹੋਈਆਂ ਹਨ ਅਤੇ ਇਨ੍ਹਾਂ ਦਾ ਆਧਿਆਤਮਿਕ ਮਹੱਤਵ ਬਹੁਤ ਵੱਡਾ ਹੈ। ਇੱਥੇ ਆਉਣ ਵਾਲੇ ਲੋਕ ਨਾ ਸਿਰਫ਼ ਧਾਰਮਿਕ ਸ਼ਾਂਤੀ ਪ੍ਰਾਪਤ ਕਰਦੇ ਹਨ, ਸਗੋਂ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਵੀ ਜੁੜਦੇ ਹਨ।

ਕੁਦਰਤ ਅਤੇ ਵਿਗਿਆਨ ਨਾਲ ਸਬੰਧ

ਵਿਸਾਖੀ ਦਾ ਇੱਕ ਕੁਦਰਤੀ ਪੱਖ ਵੀ ਹੈ। ਇਸ ਸਮੇਂ ਗਰਮੀ ਦੀ ਸ਼ੁਰੂਆਤ ਹੋਣ ਲੱਗਦੀ ਹੈ ਅਤੇ ਮੌਸਮ ਵਿੱਚ ਬਦਲਾਅ ਆਉਂਦਾ ਹੈ। ਲੋਕ ਇਸ ਦਿਨ ਇਸ਼ਨਾਨ ਕਰਦੇ ਹਨ ਅਤੇ ਸਰੀਰ ਨੂੰ ਤਾਜ਼ਗੀ ਦੇਣ ਲਈ ਵੱਖ-ਵੱਖ ਰਸਮਾਂ ਅਦਾ ਕਰਦੇ ਹਨ। ਇਹ ਪਰੰਪਰਾਵਾਂ ਸਮੇਂ ਦੇ ਨਾਲ ਲੋਕ-ਵਿਸ਼ਵਾਸ ਬਣ ਗਈਆਂ ਹਨ।

ਰਾਸ਼ਟਰੀ ਪੱਧਰ ’ਤੇ ਵਿਸਾਖੀ

ਵਿਸਾਖੀ ਸਿਰਫ਼ ਪੰਜਾਬ ਦਾ ਤਿਉਹਾਰ ਨਹੀਂ ਹੈ। ਭਾਰਤ ਦੇ ਹੋਰ ਰਾਜਾਂ ਵਿੱਚ ਵੀ ਇਹ ਵੱਖ-ਵੱਖ ਨਾਵਾਂ ਨਾਲ ਮਨਾਇਆ ਜਾਂਦਾ ਹੈ—ਅਸਾਮ ਵਿੱਚ ਬਿਹੂ, ਬੰਗਾਲ ਵਿੱਚ ਪੋਇਲਾ ਬੋਇਸ਼ਾਖ ਅਤੇ ਦੱਖਣੀ ਭਾਰਤ ਵਿੱਚ ਵਿਸ਼ੂ। ਇਹ ਸਾਰੇ ਤਿਉਹਾਰ ਨਵੀਂ ਸ਼ੁਰੂਆਤ, ਖੁਸ਼ਹਾਲੀ ਅਤੇ ਉਤਸ਼ਾਹ ਦਾ ਪ੍ਰਤੀਕ ਹਨ।

ਨਤੀਜਾ — ਵਿਰਾਸਤ ਅਤੇ ਪ੍ਰੇਰਣਾ ਦਾ ਪ੍ਰਤੀਕ

ਅਖੀਰ ਵਿੱਚ ਇਹ ਕਹਿਣਾ ਬਿਲਕੁਲ ਠੀਕ ਹੈ ਕਿ ਵਿਸਾਖੀ ਸਿਰਫ਼ ਇੱਕ ਤਿਉਹਾਰ ਨਹੀਂ, ਸਗੋਂ ਪੰਜਾਬੀਆਂ ਦੀ ਰੂਹ, ਮਿਹਨਤ ਅਤੇ ਵਿਰਾਸਤ ਦਾ ਪ੍ਰਤੀਕ ਹੈ। ਇਹ ਸਾਨੂੰ ਸਿਖਾਉਂਦੀ ਹੈ ਕਿ ਮਿਹਨਤ ਦਾ ਫਲ ਜ਼ਰੂਰ ਮਿਲਦਾ ਹੈ ਅਤੇ ਇਕਤਾ ਵਿੱਚ ਅਸੀਮ ਤਾਕਤ ਹੁੰਦੀ ਹੈ। ਇਹ ਤਿਉਹਾਰ ਸਾਨੂੰ ਸਾਡੇ ਇਤਿਹਾਸ ਨਾਲ ਜੋੜਦਾ ਹੈ, ਸਾਡੀ ਸੱਭਿਆਚਾਰਕ ਪਛਾਣ ਨੂੰ ਮਜ਼ਬੂਤ ਕਰਦਾ ਹੈ ਅਤੇ ਭਵਿੱਖ ਲਈ ਨਵੀਂ ਉਮੀਦਾਂ ਜਗਾਉਂਦਾ ਹੈ। ਵਿਸਾਖੀ ਦੇ ਜਸ਼ਨ ਸਿਰਫ਼ ਖੁਸ਼ੀ ਨਹੀਂ, ਸਗੋਂ ਇੱਕ ਸੰਦੇਸ਼ ਹਨ—ਜੀਵਨ ਨੂੰ ਉਤਸ਼ਾਹ, ਮਿਹਨਤ ਅਤੇ ਵਿਸ਼ਵਾਸ ਨਾਲ ਜੀਉਣ ਦਾ ਸੰਦੇਸ਼।

## ਯੁੱਗ ਪੁਰਸ਼ ਡਾ. ਭੀਮ ਰਾਓ ਅੰਬੇਡਕਰ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਹਰਭਿੰਦਰ ਸਿੰਘ



ਡਾਕਟਰ ਭੀਮ ਰਾਓ ਅਬੇਡਕਰ ਨੂੰ ਦਲਿਤ ਲੋਕਾਂ ਦੇ ਮਸੀਹਾ ਵਜੋਂ ਜਾਣਿਆ ਜਾਂਦਾ ਹੈ।ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਅੰਬੇਡਕਰ ਨੇ ਸਮਾਜਿਕ.ਆਰਥਿਕ,ਧਾਰਮਿਕ, ਰਾਜਨਿਤਕ ਪੱ◌ੱਧਰਾਂ ਤੇ ਸਦੀਆਂ ਤੋਂ ਹੰਢਾ ਰਹੇ ਅਣਮਨੁੱਖੀ ਭੇਦ ਭਾਵ ਦੇ ਵਿਰੋਧ ਵਿੱਚ ਦਲਿਤ ਪੱਖੀ ਅਵਾਜ ਉਠਾਈ।ਹਿੰਦੂ ਧਰਮ ਅਤੇ ਇਸਦੀਆਂ ਰਹੁ ਰੀਤਾਂ ਸਦਕਾ ਅਛੂਤਾਂ ਨਾਲ ਅਣਮਨੁੱਖੀ ਵਿਵਹਾਰ ਕੀਤਾ ਜਾਂਦਾ ਸੀ।ਡਾਕਟਰ ਅੰਬੇਡਕਰ ਅਨੁਸਾਰ ਭਾਰਤੀ ਸਮਾਜ ਪੂਰੀ ਤਰ੍ਹਾਂ ਗੈਰ-ਲੋਕਤੰਤਰੀ ਸੀ ਜਿਸ ਵਿੱਚ ਜਿੱਥੇ ਕਿ ਲੋਕਾਂ ਨੂੰ ਜਮਾਤਾਂ ਅਤੇ ਜਾਤਾਂ ਵਿੱਚ ਉਨੰ◌ੁ◌੍ਹਾਂ ਦੀਆਂ ਯੋਗਤਾਵਾਂ ,ਬੁੱਧੀ ਜਾਂ ਕੰ◌ੰਮਾਂ ਦੇ ਅਧਾਂਰ ਤੇ ਨਹੀਂ ਵੰਡਿਆਂ ਗਿਆਂ ਬਲਕਿ ਜਨਮ ਦੇ ਅਧਾਰ ਤੇ ਵੰਡਿਆ ਗਿਆ ਹੈ।ਇਹ ਵਿਤਕਰਾ ਸਦੀਆਂ ਤੋਂ ਪੀੜ੍ਹੀ ਦਰ ਪੀੜ੍ਹੀ ਚੱਲਦਾ ਆ ਰਿਹਾ ਹੈ।

ਡਾਕਟਰ ਅੰਬੇਡਕਰ ਦਾ ਮੁਖ ਮਿਸ਼ਨ ਦੱਬੇ ਕੁਚਲੇ ਲੋਕਾਂ ਨੂੰ ਉੱਚ ਸਮਾਜਿਕ,ਰਾਜਿਨੀਤਕ ਪੱਧਰ ਤੇ ਲੈ ਕੇ ਆਉਣਾ ਸੀ ਤਾਂ ਜੋਕਿ ਉਨੰਹਾਂ ਦੇ ਮੱਥੇ ਤੇ ਲੱਗਿਆ ਅਛੂਤਾਂ ਵਾਲਾ ਕਲੰਕ ਧੋਇਆ ਜਾ ਸਕੇ।ਉਹ ਦਲਿਤਾਂ ਨੂੰ ਹਿੰਦੂਆਂ ਦੇ ਬਰਾਰਬਰ ਸਮਾਨਤਾ ਦਿਵਾਉਣ ਦਾ ਹਾਮੀ ਸੀ।ਭਾਵੇਂ ਕਿ ਅੰਬੇਡਕਰ ਨੂੰ ਇਹ ਅਹਿਸਾਸ ਸੀ ਕਿ ਅਜਿਹਾ ਮਿਸ਼ਨ ਪੂਰਾ ਕਰਨਾ ਅਤੀ ਕਠਿਨ ਕੰਮ ਸੀ।ਪਰ ਫਿਰ ਵੀ ਆਪ ਨੇ ਹਿੰਦੂ ਸਮਾਜ ਵਿੱਚ ਪ੍ਰਬਲ ਜਾਤੀਵਾਦ ਦੇ ਬੀਜ ਦਾ ਨਾਸ਼ ਕਰਨ ਦਾ ਤਹੱਈਆ ਕਰ ਲਿਆ ਸੀ।ਉਸਨੇ ਸਮਾਜ ਵਿੱਚ ਪ੍ਰਬਲ ਜਾਤੀਵਾਦ ਅਤੇ ਇਸਦੇ ਭਿਆਨਕ ਸਿੱਟਿਆ ਉੱਰ ਲਿਖਣਾ ਸ਼ੁਰੂ ਕੀਤਾ।ਆਪਣੀਆਂ ਕਿਤਾਬਾਂ ਦੀ ਰੌਸ਼ਨੀ ਨਾਲ ਉਸਨੇ ਦੱਬੇ ਕੁਚਲੇ ਅਛੂਤਾਂ ਵਿੱਚ ਨਵੀਂ ਰੂਹ ਭਰੀ ਅਤੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ।ਦਲਿਤਾਂ ਨੂੰ ਆਪਣੇ ਹੱਕਾਂ ਵਾਸਤੇ ਲਾਮਬੰਦ ਕਰਨਾ ਆਰੰਭਿਆ।

ਅਛੂਤਾਂ ਵਿੱਚ ਸਵੈਮਾਣ ਦੀ ਮੂਵਮੈਂਟ ਚਲਾਈ।ਦਲਿਤਾਂ ਵਿੱਚ ਏਕੇ ਦੀ ਭਾਵਨਾ ਅਤੇ ਵੋਟ ਦੀ ਸ਼ਕਤੀ ਦਾ ਅਹਿਸਾਸ ਭਰਿਆ।ਦਲਿਤਾਂ ਨੂੰ ਇਕੱਠੇ ਕਰਨ ਉਪਰੰਤ ਆਪਣੇ ਹੱਕਾਂ ਦii ਪ੍ਰਾਪਤੀ ਵਾਸਤੇ ਆਪ ਨੇ “ਪੜ੍ਹੋ,ਜੁੜੋ.ਸ਼ੰਘਰਸ਼ ਕਰੋ”ਦਾ ਨਾਹਰਾ ਦਿੱਤਾ।ਦਲਿਤਾਂ ਵਿੱਚ ਸਵੈ ਮਾਣ.ਸਵੈ ਨਿਰਭਰਤਾ,ਸਵੈ ਸੁਧਾਰ,ਆਤਮ ਵਿਸ਼ਵਾਸ ਪੈਦਾ ਕਰਨ ਤੇ ਜੋਰ ਦਿੱਤਾ।ਦਲਿਤਾਂ ਵਿੱਚੋਂ ਸਦੀਆਂਦੀ ਗੁਲਾਮੀ ਸਦਕਾ ਪੈਦਾ ਹੋਈ ਹੀਣ ਭਾਵਨਾ ਨੂੰ ਖਤਮ ਕਰਨ ਦੇ ਉਪਰਾਲੇ ਡਾਕਟਰ ਅੰਬੇਡਕਰ ਨੇ ਕੀਤੇ।

ਸ਼ਮਾਜ ਸੁਧਾਰ ਦੇ ਕੰਮਾਂ ਤਹਿਤ ਆਪਨੇ ਸ਼ੋਸਿਤ ਲੋਕਾਂ ਵਿੱਚ ਚੇਤਨਾ ਪੈਦਾ ਕਰਨ ਦੇ ਮਨੋਰਥ ਨਾਲ ਉਨ◌੍ਹਾਂ ਵਾਸਤੇ ਸਕੂਲ,ਹੋਸਟਲ,ਲਾਇਬਰ੍ਰੇਰੀਆਂ,ਸ਼ਟੇਸ਼ਨਰੀ ਦੀਆਂ ਸਹੂਲਤਾਂ ਪੈਦਾ ਕਰਨ ਤੇ ਜੋਰ ਦਿੱਤਾ।ਆਪਨੇ ਖੁਦ ਕਈ ਸਕੂਲ ਖੁਲਵਾਏ।ਇਸਤੋਂ ਇਲਾਵਾ ਡਾਕਟਰ ਅੰਬੇਢਕਰ ਨੇ ਦਲਿਤ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਉਹ ਆਪਣੇ ਮਨਾਂ ਵਿੱਚੋਂ ਅਛੂਤ ਹੋਣ ਦਾ ਡਰ ਖਤਮ ਕਰਕੇ ਅੰਤਰ ਜਾਤੀ ਸਮਾਰੋਹਾਂ ਵਿੱਚ ਸ਼ਾਮਿਲ ਹੋਣ,ਅੰਤਰ ਜਾਤੀ ਵਿਆਹਾ ਦਾ ਸਮਰਥਨ ਕਰਨ ਅਤੇ ਜੇਕਰ ਉਹ ਅਜਿਹਾ ਨਹੀਂ ਕਰ ਸਕਦੇ ਤਾਂ ਉਹ ਹਿੰਦੂ ਸਮਾਜ ਵਿੱਚ ਜਾਤੀਵਾਦ ਦਾ ਟਾਕਰਾ ਨਹੀਂ ਕਰ ਸਕਣਗੇ।

ਇਸਤੋਂ ਇਲਾਵਾ ਡਾਕਟਰ ਅੰਬਟਡਕਰ ਨੇ ਦਲਿਤ ਲੋਕਾਂ ਨੂੰ ਸੱਤਿਆਗ੍ਰਹਿ ਕਰਨ ਵਾਸਤੇ ਪ੍ਰੇਰਿਤ ਕੀਤਾ ਅਤੇ ਕਈ ਸਾਂਝੀਆਂ ਮਨਾਹੀ ਵਾਲੀਆਂ ਥਾਵਾਂ(ਜਿੱਥੇ ਕਿ ਅਛੂਤਾਂ ਨੂੰ ਜਾਣ ਦੀ ਮਨਾਹੀ ਹੁੰਦੀ ਸੀ)ਤੇ ਜਾ ਕੇ ਸੱਤਿਆਗ੍ਰਹਿ ਚਲਾਏ। ਸੱਤਾ ਪ੍ਰਾਪਤੀ ਰਾਹੀਂ ਦਲਿਤਾਂ ਨੈ ਰਾਜ ਭਾਗ ਤੇ ਕਾਬਿਜ ਹੋਣ ਦੀ ਪ੍ਰੇਰਣਾ ਵੀ ਡਾਕਟਰ ਅੰਬੇਡਕਰ ਨੇ ◌ੂ ਦਿੱਤੀ।ਦੂਜੇ ਸ਼ਬਦਾਂ ਵਿੱਚ ਡਾਕਟਰ ਅੰਬੇਡਕਰ ਨੇ ਦਲਿਤ ਲੋਕਾਂ ਦੇ ਜੀਵਨ,ਸੋਝੀ ਅਤੇ ਵਿਵਹਾਰ ਵਿੱਚ ਕਾਫੀ ਤਬਦੀਲੀ ਲਿਆਂਦੀ

ਪਰੰਤੂ ਅਜੇ ਵੀ ਇੰਨ੍ਹਾਂ ਲੋਕਾਂ ਦੇ ਸੁਧਾਰ ਵਿੱਚ ਬਹੁਤ ਕੁਝ ਕਰਨਾ ਬਾਕੀ ਪਿਆ ਸੀ।ਜਦਕਿ ਡਾਕਟਰ ਅੰਬੇਡਕਰ ਨੇ ਆਪਣੇ ਸਮਾਜ ਸੁਧਾਰਕ ਯਤਨਾਂ ਰਾਹੀਂ ਹਿੰਦੂ ਸਮਾਜ ਦੀ ਅੰਤਰ ਆਤਮਾ ਨੁ ਝੰਜੋੜਨ ਦਾ ਕੰਮ ਕੀਤਾ ਕਿ ਕਿਸ ਪ੍ਰਕਾਰ ਦਲਿਤ ਵਿਰੋਧੀ ਅਣਮਨੁੱਖੀ ਭੇਦ ਭਾਵ ਇਸ ਸਮਾਜ ਦੇ ਮੱਥੇ ਤੇ ਕਲੰਕ ਹੈ।ਜਾਤੀਵਾਦੀ ਸਮਾਜਿਕ ਕੁਰੀਤੀਆਂ ਖਿਲਾਫ ਦਲਿਤ ਲੋਕਾਂ ਵਿੱਚ ਚੇਤਨਾ ਲਹਿਰ ਨੂੰ ਬਾਬਾ ਸਾਹਿਬ ਨੇ ਜਾਰੀ ਰੱਖਿਆ।

ਡਾਕਟਰ ਅੰਬੇਡਕਰ ਇਸ ਗੱਲ ਤੋਂ ਵਾਕਿਫ ਸਨ ਕਿ ਦਲਿਤ ਸਮਾਜ ਦੇ ਲੋਕਾਂ ਵਿੱਚ ਚੇਤਨਾ ਪੈਦਾ ਕਰਨਾ ਇੱਕ ਲੰਬੇ ਸਮੇਂ ਦਾ ਕਾਰਜ ਹੈ ਜਦੋਂ ਤੱਕ ਕਿ ਸਮਾਜਿਕ ਸਮਾਨਤਾ ਨਹੀਂ ਆ ਜਾਂਦੀ ਤਦ ਤੱਕ ਅਜਿਹੇ ਕੰਮਜੋਰ ਦਲਿਤ ਸਮਾਜ ਦੀ ਰੱਖਿਆ ਜਰੂਰੀ ਹੈ।ਦਲਿਤ ਸਮਾਜ ਵਾਸਤੇ ਡਾਕਟਰ ਅੰਬੇਡਕਰ ਵਿੱਚ ਅਥਾਹ ਪਿਆਰ ਸੀ।ਨਿਰਸੰਦੇਹ ਡਾਕਟਰ ਭੀਮ ਰਾਓ ਅੰਬੇਡਕਰ ਇੱਕ ਉੱਘੇ ਸਮਾਜ ਸੁਧਾਰਕ ਸਨ ਜਿਨੰ◌ੁ◌੍ਹਾਂ ਨੇ ਆਪਣਾ ਸਾਰਾ ਜੀਵਨ ਦਲਿਤ ਲੋਕਾਂ ਦੀ ਭਲਾਈ ਉੱਤੇ ਲਗਾ ਦਿੱਤਾ।

## ਆਵੀਂ ਨੀ ਆਵੀਂ ਨੀ ਵਿਸਾਖੀਏ

ਆਵੀਂ ਨੀ ਆਵੀਂ ਨੀ ਵਿਸਾਖੀਏ
ਅੰਨਦਾਤੇ ਦੇ ਵਿਹੜੇ ਫੇਰਾ ਪਾਵੀ ਨੀ ਵਿਸਾਖੀਏ
ਝੋਲੀਆਂ ਭਰ ਭਰ ਖੇੜੇ ਲਿਆਵੀਂ ਨੀ ਵਿਸਾਖੀਏ

ਪਹਿਲਾਂ ਪੂਰ ਦੇਈਂ ਖੇਤਾਂ ਨੂੰ ਨੀ
ਜਿੱਥੇ ਸੋਨੇ ਰੰਗੀਆਂ ਤੇ ਖਿੜਨ ਬਹਾਰਾਂ
ਟਹਿਕ ਪੈਣ ਫੇਰ ਸੁੱਤੇ ਸੁਫ਼ਨੇ ਨੀ
ਗਾਉਣ ਢਾਡੀਆਂ ਵਾਰਾਂ
ਇਹੋ ਸੁੱਖ ਤੂੰ ਦਿਵਾਈਂ ਨੀ ਵਿਸਾਖੀਏ
ਆਈਂ ਨੀ ਵਿਸਾਖੀਏ

ਪੁੱਟ ਦੇਵੀਂ ਬੂਟੇ ਖੇਤੋਂ ਸਲਫਾਸ ਦੇ ਨੀ
ਗੱਡ ਦੇਵੀਂ ਰਿਜ਼ਕ ਦੀਆਂ ਦਾਬਾਂ
ਖਾਵੇ ਨਾ ਝੋਰਾ ਧਰੇਕਾਂ ਵਾਂਗੂੰ ਵਧਦੀਆਂ ਦਾ
ਮੱਲੇ ਨਾ ਬਾਬਲ ਮੜ੍ਹੀਆਂ ਦੀਆਂ ਰਾਹਵਾਂ ਨੀ ਵਿਸਾਖੀਏ
ਆਵੀਂ ਨੀ ਵਿਸਾਖੀਏ ਆਵੀਂ ਨੀ ਵਿਸਾਖੀਏ
ਲਿਆਵੀਂ ਠੰਢੀਆਂ ਤੂੰ ਵਾਹਵਾਂ ਨੀ ਵਿਸਾਖੀਏ

ਖਾਣੇ ਨਾ ਪੈਣ ਧੱਕੇ ਗੁਰੂ ਦਿਆਂ ਲਾਲਾਂ ਨੂੰ
ਬਚਾ ਰੱਖੀਂ ਵਾਹਵਾਂ ਤੱਤੀਆਂ ਤੋ ਬਾਲਾਂ ਨੂੰ
ਤੋੜ ਦੇਵੀਂ ਤੂੰ ਪਾਏ ਜਾਂਦੇ ਸਭ ਉਹ ਜਾਲ਼ਾਂ ਨੂੰ
ਮਨ ਦੀਆਂ ਖੁਸ਼ੀਆਂ ਲਿਆਵੀਂ ਨੀ ਵਿਸਾਖੀਏ

ਆਵੀਂ ਨੀ ਵਿਸਾਖੀਏ ਆਵੀਂ ਨੀ ਵਿਸਾਖੀਏ

ਕੋਹੜ ਇਥੋਂ ਨਸਿਆਂ ਦਾ ਛੇਤੀ ਮੁੱਕ ਜਾਵੇ ਨੀ
ਵਿਹੜਿਆਂ ‘ਚੋਂ ਵੈਣਾਂ ਦੀ ਕੜੀ ਰੁਕ ਜਾਵੇ ਨੀ
ਹਰ ਘਰ ਰੱਜ ਰੱਜ ਟੁੱਕ ਸੋਹਣਾ ਖਾਵੇ ਨੀ
ਇਹੋ ਜਿਹੀਆਂ ਘੜੀਆਂ ਲਿਆਵੀਂ ਨੀ ਵਿਸਾਖੀਏ
ਆਈਂ ਨੀ ਵਿਸਾਖੀਏ ਆਈਂ ਨੀ ਵਿਸਾਖੀਏ

ਗੁਰੂ ਜੀ ਨੇ ਖ਼ਾਲਸੇ ਦਾ ਪੰਥ ਸੀ ਸਾਜਿਆ
ਖੁਸ਼ੀ ਮਨਾਈ ਅਸਾਂ ਨਾਲ ਸੀ ਵਾਜਿਆਂ
ਇਸੇ ਤਰਾਂ ਚੜਤ ਰੱਖੀਂ ਵਾਂਗੂੰ ਨੀ ਰਾਜਿਆਂ
ਕਲਯੁੱਗੀ ਘੜੀ ਨਾ ਵਿਖਾਈਂ ਨੀ ਵਿਸਾਖੀਏ
ਆਈਂ ਨੀ ਵਿਸਾਖੀਏ ਆਈਂ ਨੀ ਵਿਸਾਖੀਏ
ਖੁਸ਼ੀਆਂ ਦੀ ਘੜੀ ਲਿਆਈਂ ਨੀ ਵਿਸਾਖੀਏ

ਵਰਲਡ ਪੰਜਾਬੀ ਟਾਈਮਜ਼
ਡਾ ਸਤਿੰਦਰਜੀਤ ਕੌਰ ਬੁੱਟਰ

## ਵੈਸਾਖਿ ਧੀਰਨਿ ਕਿਉ ਵਾਢੀਆਜਿਨਾ ਪ੍ਰੇਮ ਬਿਛੋਹੁ।।ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਮੋਹੁ।।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਜਦੋਂ ਵਿਸਾਖ ਦਾ ਮਹਿਨਾ ਆਵੇ ਤਾਂ ਇਹ ਮਹਿਨਾ ਮੇਰੇ ਲਈ ਸੁਹਾਵਣਾ ਹੈ। ਹਰ ਇਕ ਮਨੁੱਖ ਦੀ ਇੱਛਾ ਹੈ ਕਿ ਜੇ ਵੈਸਾਖ ਦਾ ਮਹਿਨਾ ਆਇਆ ਹੈ । ਇਹ ਸੁਹਾਵਣਾ ਬੀਤਤ ਹੋਵੇ। ਗੁਰੂ ਜੀ ਆਖਦੇ ਹਨ ਵੈਸਾਖ ਵਿਚ ਸਰਦੀ ਖਤਮ ਹੋ ਜਾਂਦੀ ਹੈ।

ਗਰਮੀ ਦੀ ਆਮਦ ਸ਼ੁਰੂ ਹੋ ਜਾਂਦੀ ਹੈ। ਤੂੰ ਸਰੀਰਕ ਤੌਰ ਤੇ ਆਖੇਗਾ ਹਰ ਪਾਸੇ ਹਰਿਆਵਲ ਹੈ। ਇਹ ਮੇਰੇ ਅੰਦਰ ਨੂੰ ਸੁੱਖ ਦਿੰਦੀ ਹੈ।ਕਦੀ ਉਹਨਾਂ ਜੀਵ ਇਸਤਰੀਆਂ ਨੂੰ ਪੁੱਛ ਕੇ ਦੇਖੋ ਜਿਨ੍ਹਾਂ ਅੰਦਰ ਵੈਸਾਖ ਦੇ ਮਹਿਨੇ ਵਿਚ ਪਰਮਾਤਮਾ ਲਈ ਪਿਆਰ ਨਹੀਂ। ਜਿਨ੍ਹਾਂ ਦੇ ਹਿਰਦੇ ਪਿਆਰ ਤੋਂ ਸੁੰਝੇ ਹਨ ਉਹਨਾਂ ਦੇ ਅੰਦਰ ਵੈਸਾਖ ਦੇ ਮਹੀਨੇ ਵਿਚ ਧੀਰਜ ਨਹੀਂ। ਉਹਨਾਂ ਨੂੰ ਧੀਰਜ ਕਿਵੇਂ ਆਏ ਜਿਨ੍ਹਾਂ ਦੇ ਅੰਦਰ ਪਰਮਾਤਮਾ ਦੀ ਅਣਹੋਂਦ ਹੈ। ਉਹਨਾਂ ਅੰਦਰ ਇਸ ਕਰਕੇ ਭਟਕਦਾ ਹੈ। ਵੈਸਾਖ ਦੇ ਮਹੀਨੇ ਵਿਚ ਸਤਿਗੁਰੂ ਨੂੰ ਭੁਲਾ ਕੇ ਅੰਦਰ ਕੇਵਲ ਮਾਇਆ ਦੀ ਖਿੱਚ ਚਿੰਤਾ ਹੈ ।

ਉਹ ਕਦੀ ਇਹ ਆਸ ਨਾ ਰੱਖੇ ਉਸ ਨੂੰ ਵੈਸਾਖ ਦੇ ਮਹੀਨੇ ਧੀਰਜ ਮਿਲ ਜਾਏਗਾ। ਜਿਨ੍ਹਾਂ ਵਿਚੋਂ ਧੀਰਜ ਚਾਹੁੰਦਾ ਹੈ ਚਾਹੇ ਪੁਤਰ ਇਸਤਰੀ ਹੈ ਚਾਹੇ ਸੰਸਾਰ ਦੇ ਸੱਕੇ ਸੰਬੰਧੀ ਹਨ ਧਿਆਨ ਰੱਖੀਂ ਉਹ ਕੁਝ ਸਮੇਂ ਤੱਕ ਤੇਰੇ ਨਾਲ ਹਨ ਪਰ ਜਦੋਂ ਮਾਲਕ ਦੇ ਘਰ ਜਾਣਾ ਹੈ। ਉਸ ਘਰ ਵਿਚ ਮਾਲਕ ਦੇ ਨਾਮ ਤੇ ਬਿਨਾਂ ਸਭ ਤੇਰੇ ਲਈ ਵਿਅਰਥ ਹੈ।

ਨਾਮ ਜੱਪਣ ਵਾਲੇ ਦੀਆਂ ਸ਼ੋਭਾ ਨਿਰਮਲ ਹੈ ਪਵਿੱਤਰ ਹੈ।

ਇਸ ਦਾ ਮਤਲਬ ਕੋਈ ਸ਼ੋਭਾ ਅਜਿਹੀ ਹੈ ਜੋਂ ਮੈਲੁ ਹੋਵੇ। ਇਕ ਸ਼ੋਭਾ ਉਹ ਹੈ ਦੁਨੀਆਂ ਤੇ ਜੋਂ ਝੂਠੀ ਹੈ। ਇਸ ਦੇ ਜਾਂਦਿਆਂ ਦੇਰ ਨਹੀਂ ਲਗਦੀ। ਪਰਮਾਤਮਾ ਦੀ ਸ਼ੋਭਾ ਸਭ ਤੋਂ ਉੱਚੀ ਹੈ।

ਜਿਹੜੇ ਪ੍ਰੀਤਮ ਦੇ ਚਰਨਾਂ ਵਿਚ ਜੁੜੇ ਉਹਨਾਂ ਦੀ ਸ਼ੋਭਾ ਕਦੇ ਮੈਲੀ ਨਹੀਂ ਹੋ ਸਕਦੀ ਨਾ ਹੀ ਕੋਈ ਕਰ ਸਕਦਾ ਹੈ। ਉਸ ਨਾਲ ਜੁੜ ਚਰਨਾਂ ਨਾਲ ਤੇਰੀ ਇੱਛਾ ਹੈ ਵੈਸਾਖ ਦੇ ਮਹੀਨੇ ਵਿਚ ਮੇਰੀ ਕੋਈ ਚਿੰਤਾ ਨਾ ਰਹੇ ਤਾਂ ਫਿਰ ਇਹ ਰੋਜ਼ ਬੇਨਤੀ ਕਰਦਿਆਂ ਕਰ।

ਹੇ ਮੇਰੇ ਮਾਲਕ ਦੇ ਤੁਸੀਂ ਮਿਲ ਜਾਓ ਤਾਂ ਫਿਰ ਮੈਂ ਸਮਝਾਂਗਾ ਕਿ ਮਨੁਖਾਂ ਦੇਹੀ ਪ੍ਰਾਪਤ ਹੋਈ ਹੈ।

ਜੇ ਤੁਹਾਡਾ ਮਿਲਾਪ ਨਹੀਂ ਤਾਂ ਮੇਰੇ ਮਾਲਕ ਫਿਰ ਕੋਈ ਪ੍ਰਾਪਤੀ ਨਹੀਂ। ਵੈਸਾਖ ਦਾ ਮਹੀਨਾ ਤਾਂ ਚੰਗਾ ਲਗੇਗਾ। ਜੋਂ ਤੇਰੇ ਰੰਗ ਵਿਚ ਰੰਗਿਆ ਹੋਇਆ ਕੋਈ ਸੰਤ ਮਿਲ ਜਾਵੇ। ਜਿਸ ਦੇ ਅੰਦਰ ਪ੍ਰੇਮ ਦੀ ਅਣਹੋਂਦ ਹੈ। ਉਸ ਦੇ ਅੰਦਰ ਕਦੀ ਧੀਰਜ ਅਤੇ ਟਿਕਾਅ ਨਹੀਂ। ਜਿਹੜਾ ਸਾਈਂ ਦੇ ਪ੍ਰੇਮ ਵਿਚ ਭਿੱਜ ਗਿਆ ਹੈ ਉਸ ਦੇ ਅੰਦਰ ਨੂੰ ਟਿਕਾਅ ਹੈ। ਤੇਰੇ ਨਾਲ ਕੇਵਲ ਇਕ ਪਰਮਾਤਮਾ ਦਾ ਨਾਮ ਨਿੱਭਣਾ ਹੈ। ਇਹ ਹੈ ਵੈਸਾਖ ਸਭ ਨੂੰ ਸੁਹਾਵਣਾ ਲੱਗੇ।

ਵੈਸਾਖ ਖਾਲਸਾ ਪੰਥ ਦਾ ਅੱਜ ਜਨਮ ਦਿਨ ਹੈ। ਉਸ ਦੀਆਂ ਸਭ ਨੂੰ ਲੱਖ ਲੱਖ ਵਧਾਈਆਂ ਹੋਣ ਜੀ।